# ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ: 1,
# ਲੋ. ਨਿ. ਵਿ. (ਭ ਤੇ ਮ) ਸ਼ਾਖਾ, ਲੁਧਿਆਣਾ

ਸੇਵਾ ਵਿਖੇ

Principal,
Baba Shri Chand Public School, .
Vill. Nurpura (Raikot),
Ludhiana.

ਨੰਬਰ: 726 ਮਿਤੀ 11/09/2026

ਵਿਸ਼ਾ:- ਸਾਲ 2026-27 ਲਈ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਬਿਨੈ ਪੱਤਰ ਨੰ: 2026-27/24 ਮਿਤੀ: 03.09.2026

ਉਪਰੋਕਤ ਬਿਲਡਿੰਗ ਦਾ ਨਿਰੀਖਣ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਕੀਤਾ ਗਿਆ ਕਿ ਇਹ ਬਿਲਡਿੰਗ ਸਾਲ 2026-27 ਲਈ ਨਾਲ ਨੱਥੀ ਡਰਾਇੰਗ ਅਨੁਸਾਰ ਸੁਰੱਖਿਅਤ ਪਾਈ ਗਈ ਹੈ। ਸਕੂਲ ਦੀ ਬਿਲਡਿੰਗ ਦਾ ਸੁਰਖਿਅਤ ਹੋਣ ਸਬੰਧੀ ਸਰਟੀਫਿਕੇਟ ਸਮੇਤ ਡਰਾਇੰਗ ਆਪ ਨੂੰ ਮਿਤੀ 31.03.2027 ਤੱਕ ਦਾ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੇਠ ਲਿਖੀਆਂ ਹਦਾਇਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ:-

01) ਜੇਕਰ ਇਮਾਰਤ ਵਿਚ ਕੋਈ ਤਬਦੀਲੀ/ਵਧਾਇਆ ਜਾਂ ਘਟਾਇਆ ਜਾਂਦਾ ਹੈ ਤਾਂ ਕੰਮ ਕਿਸੇ ਤਕਨੀਕੀ ਇੰਜੀਨੀਅਰ ਦੀ ਦੇਖ ਰੇਖ ਵਿਚ ਹੀ ਕਰਵਾਇਆ ਜਾਵੇ, ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸ ਦਾ ਸੇਫਟੀ ਸਰਟੀਫਿਕੇਟ ਨਿਮਨ ਹਸਤਾਖਰ ਪਾਸੋਂ ਫਿਰ ਤੋਂ ਲਿਆ ਜਾਵੇ।

02) ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਕਰਕੇ ਬੈਠ ਜਾਣ ਤਾਂ ਉਸ ਸੂਰਤ ਵਿਚ ਨਿਮਨ ਹਸਤਾਖਰ ਨੂੰ ਫੌਰੀ ਤੌਰ ਤੇ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿਚ ਲਿਆ ਜਾਵੇ ਜੀ।

03) ਸਕੂਲ ਦੀ ਬਿਲਡਿੰਗ ਦੀ ਰਿਪੇਅਰ ਹਰ ਸਾਲ ਕਰਵਾਈ ਜਾਵੇ। ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾ/ਸਕੂਲ ਦੀ ਹੋਵੇਗੀ।

04) ਉਕਤ ਸਕੂਲ ਵਿਚ ਲੱਗੇ ਅੱਗ ਬੁਝਾਊ ਯੰਤਰ ਸਬੰਧੀ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਸਬੰਧਤ ਦਫਤਰ ਤੋਂ ਲੈਣ ਦੀ ਜਿਮੇਵਾਰੀ ਆਪ ਦੇ ਸਕੂਲ/ਸੰਸਥਾ ਦੀ ਹੋਵੇਗੀ।

05) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

06) ਨਿਮਨ-ਹਸਤਾਖਰ ਉਕਤ ਸਕੂਲ ਦੀ ਬਿਲਡਿੰਗ ਦਾ ਸਾਲ 2026-27 ਦੌਰਾਨ ਕਦੇ ਵੀ ਨਿਰੀਖਣ ਕਰ ਸਕਦੇ ਹਨ। ਨਿਰੀਖਣ ਦੌਰਾਨ ਕਿਸੇ ਕਿਸਮ ਦੀ ਕੋਈ ਅਣਗਹਿਲੀ ਪਾਈ ਗਈ ਤਾਂ ਬਿਨ੍ਹਾ ਕੋਈ ਨੋਟਿਸ ਦਿੱਤੇ ਜਾਰੀ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਕੀਤਾ ਜਾ ਸਕਦਾ ਹੈ।

07) ਡਾਇਰੈਕਟਰ ਜਰਨਲ ਸਕੂਲ ਸਿੱਖਿਆ ਵਿਭਾਗ ਪੰਜਾਬ ਸਟੇਟ ਪ੍ਰੋਜੈਕਟ ਸਰਵ ਸਿੱਖਿਆ ਅਭਿਆਨ ਦੇ ਪੱਤਰ ਨੰ: 75444 ਮਿਤੀ 06-11-2009 ਮੁਤਾਬਿਕ ਸਕੂਲ ਵਿਚ ਅੱਗ ਬੁਝਾਉਣ ਵਾਲੇ ਯੰਤਰ ਚਾਲੂ ਹਾਲਤ ਵਿਚ ਰੱਖੇ ਜਾਣ ਕਿਸੇ ਵੀ ਅਣਸੁਖਾਂਵੀ ਦੁਰਘਟਨਾ ਦੀ ਸਾਰੀ ਜਿੰਮੇਵਾਰੀ ਸਬੰਧਤ ਸਕੂਲ ਦੀ ਹੋਵੇਗੀ।

08) ਅਗਲੇ ਸਾਲ 2027-28 ਦੀ ਇੰਸਪੈਕਸ਼ਨ ਕਰਾਉਣੀ ਯਕੀਨੀ ਬਣਾਈ ਜਾਵੇ।

09) ਆਪ ਵਲੋਂ ਦਿੱਤਾ ਗਿਆ ਫਾਈਰ ਸੇਫਟੀ ਸਰਟੀਫਿਕੇਟ ਦੀ ਮਿਆਦ 23.07.2029 ਤੱਕ ਹੈ।

ਨੱਥੀ/ ਸਰਟੀਫਿਕੇਟ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ:1 ਲੋ.ਨਿ.ਵਿ.
ਭ ਤੇ ਮ ਸ਼ਾਖਾ ਲੁਧਿਆਣਾ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ: I, ਲੋ.ਨਿ.ਵਿ. ਭ ਤੇ ਮ ਸ਼ਾਖਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਇਸਪੈਕਸ਼ਨ ਫੀਸ ਆਨ-ਲਾਈਨ ਰਸੀਟ ਨੰ: 25173963 ਮਿਤੀ 03.09.2026 ਰਾਹੀਂ ਰਕਮ 10,000/-ਰੁਪਏ ਜਮ੍ਹਾਂ ਕਰਵਾਈ ਗਈ ਹੈ ਅਤੇ ਉਕਤ ਸਕੂਲ ਇਸ ਵਿਭਾਗ ਅਧੀਨ ਆਉਂਦੀ ਸੜਕ ਐਸ.ਐਚ-13 (ਮੁਲਾਪੁਰ-ਰਾਏਕੋਟ-ਬਰਨਾਲਾ ਰੋਡ) ਉੱਪਰ ਸਥਿਤ ਹੈ। ਸਕੂਲ ਵਲੋਂ ਰੋਡ ਅਸੈਸ ਫੀਸ ਦੇ ਸਬੰਧੀ ਇਸ ਦਫਤਰ ਵਿਖੇ ਦਿੱਤੇ ਹਲਫੀਆ ਬਿਆਨ ਦੀ ਕਾਪੀ ਨੱਥੀ ਕਰਕੇ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ/ ਉਕਤ ਅਨੁਸਾਰ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ:1 ਲੋ.ਨਿ.ਵਿ.
ਭ ਤੇ ਮ ਸ਼ਾਖਾ ਲੁਧਿਆਣਾ।

**PART-II**

(To be filled by the S.D.E.)

a. **I have visited the above mentioned school on dated** ……5/09/2026…… **And have** visually inspected it from all angles of safety and find it fit for normal use as School buildings.

b. In case any addition/ alteration or expansion and modifications to this buildings is to be carried out, the same be carried out under the supervision of a qualified Engineer and this certificate may be reobtained after the completion from the undersigned.

c. In case the building is affected by ~~food~~ flood, or if there is settlement of walls/ foundations or sagging of roofs etc. immediate inspection of the undersigned by arranged to check the stability and safety of the building.

d. This building can be safety occupied for normal use upto (indicate upto which it can be used)

……31/03/2027……………………………………………………

Sub Divisional Engineer

**Sub Divisional Engineer**
**Constn. Sub Division No.1,**
**PWD B&R Br., Ludhiana**